**ਦਫਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ ਅਤੇ ਸਟੇਟ ਪ੍ਰੋਜੈਕਟ ਡਾਇਰੈਕਟਰ,**
**ਸਰਵ ਸਿੱਖਿਆ ਅਭਿਆਨ ਅਥਾਰਟੀ, ਪੰਜਾਬ**
**ਵਿੱਦਿਆ ਭਵਨ, ਈ-ਬਲਾਕ, ਪੰਜਵੀਂ ਮੰਜਿਲ, ਫੇਜ-8, ਐਸ.ਏ.ਐਸ. ਨਗਰ (ਮੋਹਾਲੀ), ਪੰਜਾਬ**

ਵੱਲ,

ਸਮੂਹ ਮੰਡਲ ਸਿੱਖਿਆ ਅਫਸਰ, ਪੰਜਾਬ
ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ.), ਪੰਜਾਬ
ਸਮੂਹ ਜਿਲ੍ਹਾ ਸਿੱਖਿਆ ਅਫਸਰ (ਐ.ਸਿ.), ਪੰਜਾਬ
ਸਮੂਹ ਬਲਾਕ ਪ੍ਰਾਇਮਰੀ ਸਿੱਖਿਆ ਅਫਸਰ, ਪੰਜਾਬ

ਮੀਮੋ ਨੰ :- ਸਸਅ/2014/ਐਮ.ਆਈ.ਐਸ./ਯੂਡਾਇਸ/ 20144952
ਮਿਤੀ : ਚੰਡੀਗੜ੍ਹ 28/10/2014ਕ

ਵਿਸ਼ਾ : **ਯੂਡਾਇਸ ਸਰਵੇ ਅਧੀਨ ਇਕੱਤਰ ਕੀਤੇ ਜਾ ਰਹੇ ਅੰਕੜਿਆਂ ਦੀ ਵੈਰੀਫੀਕੇਸ਼ਨ ਸਬੰਧੀ।**

1) ਉਪਰੋਕਤ ਵਿਸ਼ੇ ਸਬੰਧੀ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ।
2) ਯੂਡਾਇਸ ਸਰਵੇ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਪੰਜਾਬ ਰਾਜ ਦੇ ਸਮੂਹ ਸਕੂਲਾਂ ਤੋਂ ਅੰਕੜੇ ਇਕੱਤਰ ਕਰਨ ਲਈ ਕਰਵਾਇਆ ਜਾ ਰਿਹਾ ਹੈ। ਇਸ ਸਰਵੇ ਅਧੀਨ ਸਕੂਲਾਂ ਦੀ ਵੰਡ ਸਮੂਹ ਜਿਲ੍ਹਾ ਅਤੇ ਬਲਾਕ ਅਧਿਕਾਰੀਆਂ ਵਿਚ ਕੀਤੀ ਗਈ ਹੈ ਅਤੇ ਇਹ ਅਧਿਕਾਰੀ ਆਪ ਸਕੂਲਾਂ ਵਿਚ ਜਾ ਕੇ ਇਨ੍ਹਾਂ ਪ੍ਰਫਾਰਮਿਆਂ ਨੂੰ ਭਰਵਾਉਣਗੇ।
3) ਯੂਡਾਇਸ ਸਰਵੇ ਅਧੀਨ ਇਕੱਤਰ ਕੀਤੇ ਅੰਕੜਿਆਂ ਦੇ ਅਧਾਰ ਤੇ ਸਰਵ ਸਿੱਖਿਆ ਅਭਿਆਨ, ਰਾਸ਼ਟਰੀ ਮਾਧਿਮਿਕ ਸਿੱਖਿਆ ਅਭਿਆਨ, ਮਿਡ-ਡੇ-ਮੀਲ ਆਦਿ ਸੋਸਾਈਟੀਆਂ ਦਾ ਸਲਾਨਾ ਪਲਾਨ ਤਿਆਰ ਕੀਤਾ ਜਾਂਦਾ ਹੈ ਅਤੇ ਇਹ ਅੰਕੜੇ ਰਾਜ ਵਿਚ ਸਿੱਖਿਆ ਦੀ ਸਥਿਤੀ ਨੂੰ ਜਾਣ ਕੇ ਵਧੀਆ ਪਾਲਸੀਆਂ ਆਦਿ ਤਿਆਰ ਕਰਨ ਲਈ ਵੀ ਕਾਫੀ ਵਰਤੇ ਜਾਂਦੇ ਹਨ।
4) ਇਸ ਦਫਤਰ ਤੋਂ ਸਮੇਂ ਸਮੇਂ ਸਿਰ ਜਾਰੀ ਪੱਤਰਾਂ ਅਨੁਸਾਰ ਸਮੂਹ ਸਟਾਫ ਨੂੰ ਹਦਾਇਤ ਕੀਤੀ ਗਈ ਸੀ ਕਿ ਉਹ ਪ੍ਰਫਾਰਮਾਂ ਦੇਣ ਸਮੇਂ ਸਕੂਲ ਅਧਿਆਪਕ ਨੂੰ ਇਸ ਪ੍ਰਾਫਰਮੇਂ ਨੂੰ ਭਰਨ ਲਈ ਸਹੀ ਗਾਈਡ ਕਰਨ ਅਤੇ ਇਕੱਤਰ ਕਰਨ ਸਮੇਂ ਇਹ ਅਧਿਕਾਰੀ ਪ੍ਰਫਾਰਮੇਂ ਨੂੰ ਚੰਗੀ ਤਰ੍ਹਾਂ ਚੈੱਕ ਕਰ ਲੈਣ ਕਿ ਪ੍ਰਫਾਰਮਾ ਸਕੂਲ ਦੀ ਸਹੀਂ ਸਥਿਤੀ ਦਰਸਾਉਂਦਾ ਹੋਵੇ।
5) ਸਮੂਹ ਮੰਡਲ ਸਿੱਖਿਆ ਅਫਸਰ, ਜਿਲ੍ਹਾ ਸਿੱਖਿਆ ਅਫਸਰ (ਐ.ਸਿ.) ਅਤੇ (ਸੈ.ਸਿ.) ਨੂੰ ਹਦਾਇਤ ਕੀਤੀ ਗਈ ਸੀ ਕਿ ਇਸ ਸਰਵੇ ਦੀ ਮੋਨੀਟ੍ਰਿੰਗ ਉਹ ਆਪਣੀਆਂ ਇੰਸਪੈਕਸ਼ਨ ਟੀਮਾਂ ਵਲੋਂ ਕਰਵਾਉਣ ਅਤੇ ਸਕੂਲਾਂ ਵਲੋਂ ਭਰੇ ਜਾ ਰਹੇ ਪ੍ਰਫਾਰਮਿਆਂ ਨੂੰ ਵੀ ਚੈੱਕ ਕਰਨ ਕਿ ਕੀ ਭਰੇ ਗਏ ਅੰਕੜੇ ਸਹੀ ਅਤੇ ਸਕੂਲ ਰਿਕਾਰਡ ਮੁਤਾਬਿਕ ਹਨ ਜਾਂ ਨਹੀਂ? ਕੀਤੀ ਗਈ ਇੰਸਪੈਕਸ਼ਨ ਦੀ ਰਿਪੋਰਟ ਇਸ ਦਫਤਰ ਨੂੰ ਵੀ ਭੇਜੀ ਜਾਣੀ ਸੀ।
6) ਮੁੱਖ ਦਫਤਰ ਵਲੋਂ ਯੂਡਾਇਸ ਸਰਵੇ ਦੀ ਮੋਨੀਟਰਿੰਗ ਲਈ ਲਗਾਈਆਂ ਟੀਮਾਂ ਤੋਂ ਪ੍ਰਾਪਤ ਰਿਪੋਰਟ ਅਨੁਸਾਰ ਸਕੂਲਾਂ ਵਲੋਂ ਭਰੇ ਜਾ ਰਹੇ ਯੂਡਾਇਸ ਪ੍ਰਫਾਰਮਿਆਂ ਨੂੰ ਜਿਲ੍ਹਾ ਅਤੇ ਬਲਾਕ ਅਧਿਕਾਰੀਆਂ ਵਲੋਂ ਬਿਲਕੁੱਲ ਵੀ ਚੈੱਕ ਨਹੀਂ ਕੀਤਾ ਜਾ ਰਿਹਾ ਹੈ। ਟੀਮਾਂ ਵਲੋਂ ਚੈੱਕ ਕੀਤੇ ਪ੍ਰਫਾਰਮਿਆਂ ਵਿਚ ਕਾਫੀ ਗੰਭੀਰ ਗਲਤੀਆਂ ਪਾਈਆਂ ਗਈਆਂ ਹਨ।

7) ਉਪਰੋਕਤ ਨੂੰ ਧਿਆਨ ਵਿਚ ਰੱਖ ਕੇ ਮਿਤੀ 30-10-2014 ਯੂਡਾਈਸ ਵੈਰੀਫਿਕੇਸ਼ਨ ਦਿਵਸ ਮਨਾਉਣ ਦੀ ਫੈਸਲਾ ਕੀਤਾ ਗਿਆ ਹੈ। ਇਸ ਦਿਨ ਸਮੂਹ ਜਿਲ੍ਹਾ ਅਤੇ ਬਲਾਕ ਅਧਿਕਾਰੀ ਆਪਣੇ ਸਬੰਧਤ ਦਫਤਰ ਵਿਚ ਬੈਠ ਕੇ ਸਕੂਲਾਂ ਵਲੋਂ ਭਰੇ ਯੂਡਾਈਸ ਪ੍ਰਫਾਰਮਿਆਂ ਨੂੰ ਚੈੱਕ ਕਰਨਗੇ। ਹਰ ਇੱਕ ਅਧਿਕਾਰੀ ਆਪਣੇ ਪ੍ਰਫਾਰਮਿਆਂ, ਜੋ ਉਸ ਨੂੰ ਅਲਾਟ ਕੀਤਾ ਗਏ ਹਨ, ਨੂੰ ਧਿਆਨ ਨਾਲ ਚੈੱਕ ਕਰੇਗਾ। ਜੇਕਰ ਪ੍ਰਫਾਰਮਿਆਂ ਵਿਚ ਕਿਸੇ ਕਿਸਮ ਦੀ ਕੋਈ ਕਮੀ ਪਾਈ ਜਾਂਦੀ ਹੈ ਤਾਂ ਸਬੰਧਤ ਸਕੂਲ ਨੂੰ ਫੋਨ ਕਰਕੇ ਪ੍ਰਫਾਰਮਿਆਂ ਨੂੰ ਦਰੁਸਤ ਕੀਤਾ ਜਾਵੇ।

8) ਜਿਲ੍ਹਾ ਸਿੱਖਿਆ ਅਫਸਰ (ਸੈ.ਸਿ.) ਅਤੇ (ਐ.ਸਿ.) ਜਿਲ੍ਹਾ ਪੱਧਰ ਦੀਆਂ ਟੀਮਾਂ ਦਾ ਗਠਨ ਕਰਨ ਅਤੇ ਅਧਿਕਾਰੀਆਂ ਵਲੋਂ ਇਕੱਤਰ ਕੀਤੇ ਪ੍ਰਫਾਰਮਿਆਂ ਅਤੇ ਇਨ੍ਹਾਂ ਪ੍ਰਫਾਰਮਿਆਂ ਵਿਚ ਭਰੇ ਅੰਕੜਿਆਂ ਨੂੰ ਚੈੱਕ ਕਰਨ। ਜਿਲ੍ਹਾ ਪੱਧਰ ਦੀਆਂ ਇਨ੍ਹਾਂ ਟੀਮਾਂ ਨੂੰ ਜਿਲ੍ਹਾ ਐਮ.ਆਈ.ਐਸ. ਕੋਆਰਡੀਨੇਟਰ ਵਲੋਂ ਯੂਡਾਈਸ ਸਰਵੇ ਫਾਰਮੈਟ ਚੈਕਿੰਗ ਸਬੰਧੀ ਮੁਕੰਮਲ ਟ੍ਰੇਨਿੰਗ ਜਰੂਰ ਕਰਵਾਈ ਜਾਵੇ ਤਾਂ ਜੋ ਇਨ੍ਹਾਂ ਅਧਿਕਾਰੀਆਂ ਨੂੰ ਸਰਵੇ ਦੀ ਮਹੱਤਤਾ ਦਾ ਪਤਾ ਚੱਲ ਸਕੇ।

9) ਸਮੂਹ ਬਲਾਕ ਪ੍ਰਾਇਮਰੀ ਸਿੱਖਿਆ ਅਫਸਰਾਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਉਹ ਆਪਣੇ ਬਲਾਕ ਦੇ ਸਮੂਹ ਅਧਿਕਾਰੀਆਂ, ਜਿਨ੍ਹਾਂ ਨੂੰ ਯੂਡਾਈਸ ਸਰਵੇ ਲਈ ਲਗਾਇਆ ਗਿਆ ਹੈ, ਨੂੰ ਮਿਤੀ 30.10.2014 ਨੂੰ ਦਫਤਰ ਵਿਚ ਹਾਜਰ ਹੋ ਕੇ ਅਲਾਟ ਕੀਤੇ ਗਏ ਸਕੂਲਾਂ ਦੇ ਪ੍ਰਫਾਰਮੇਂ ਚੈੱਕ ਕਰਨ ਲਗਾਇਆ ਜਾਵੇ ਅਤੇ ਇਹ ਯਕੀਨੀ ਬਣਾਇਆ ਜਾਵੇ ਕਿ ਹਰ ਅਧਿਕਾਰੀ ਇਸ ਦਿਨ ਦਫਤਰ ਵਿਚ ਮੌਜੂਦ ਰਹੇ ਅਤੇ ਪ੍ਰਫਾਰਮਿਆਂ ਨੂੰ ਚੰਗੀ ਤਰ੍ਹਾਂ ਨਾਲ ਚੈੱਕ ਕਰੇ। ਬਲਾਕ ਪ੍ਰਾਇਮਰੀ ਸਿੱਖਿਆ ਅਫਸਰ ਇਹ ਯਕੀਨੀ ਬਣਾ ਲਵੇ ਕਿ ਕਿਸੇ ਵੀ ਸਕੂਲ ਦਾ ਪ੍ਰਫਾਰਮਾ ਭਰੇ ਬਿਨ੍ਹਾਂ ਨਾ ਰਹਿ ਜਾਵੇ ਅਤੇ ਇਹ ਵੀ ਯਕੀਨੀ ਬਣਾ ਲਿਆ ਜਾਵੇ ਕਿ ਬਲਾਕ ਅਧੀਨ ਪੈਂਦਾ ਕੋਈ ਵੀ ਸਕੂਲ ਇਸ ਸਰਵੇ ਵਿਚ ਕਵਰ ਹੋਣ ਤੋਂ ਨਾ ਰਹਿ ਜਾਵੇ।

10) ਮਿਤੀ 30-10-2014 ਤੱਕ ਹਰ ਸਕੂਲ ਤੋਂ ਪ੍ਰਫਾਰਮਾਂ ਭਰਵਾ ਕੇ ਸਬੰਧਤ ਅਧਿਕਾਰੀ ਵਲੋਂ ਵੈਰੀਫਾਈ ਕੀਤਾ ਜਾਵੇ ਅਤੇ ਮਿਤੀ 31-10-2014 ਨੂੰ ਸਮੂਹ ਪ੍ਰਫਾਰਮੇਂ ਜਿਲ੍ਹਾ ਐਮ.ਆਈ.ਐਸ. ਅਧਿਕਾਰੀ ਨੂੰ ਜਮ੍ਹਾਂ ਕਰਵਾ ਦਿੱਤੇ ਜਾਣ ਤਾਂ ਜੋ ਪ੍ਰਫਾਰਮਿਆਂ ਦੀ ਡਾਟਾ ਐਂਟਰੀ ਦਾ ਕੰਮ ਸ਼ੁਰੂ ਕੀਤਾ ਜਾ ਸਕੇ।

11) ਜਿਲ੍ਹਾ ਸਿੱਖਿਆ ਅਫਸਰ (ਸੈ.ਸਿ.) ਅਤੇ (ਐ.ਸਿ.) ਇਸ ਸਰਵੇ ਨੂੰ ਇਸ ਦਫਤਰ ਤੋਂ ਜਾਰੀ ਸਮਾਂ ਸਾਰਣੀ ਅਨੁਸਾਰ ਮੋਨੀਟਰ ਕਰਨ ਅਤੇ ਇਸ ਸਰਵੇ ਦਾ ਕੰਮ ਸਮਾਂ ਸਾਰਣੀ ਵਿਚ ਨਿਰਧਾਰਿਤ ਮਿਤੀ ਅਨੁਸਾਰ ਹੀ ਮੁਕੰਮਲ ਕੀਤਾ ਜਾਵੇ। ਕੰਮ ਨੂੰ ਮੁਕੰਮਲ ਕਰਨ ਲਈ ਕੋਈ ਵਾਧੂ ਸਮਾਂ ਨਹੀਂ ਦਿੱਤਾ ਜਾਵੇਗਾ ਕਿਉਂ ਕਿ ਦਸੰਬਰ ਪਹਿਲੇ ਹਫਤੇ ਤੋਂ ਸਾਲਾਨ ਪਲਾਨ ਦਾ ਕੰਮ ਸ਼ੁਰੂ ਕੀਤਾ ਜਾਣਾ ਹੈ।

ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਜਾਣਕਾਰੀ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1) ਪ੍ਰਮੁੱਖ ਸਕੱਤਰ ਸਕੂਲ ਸਿੱਖਿਆ, ਪੰਜਾਬ
2) ਡੀ.ਪੀ.ਆਈ. (ਸੈ.ਸਿ.), ਪੰਜਾਬ
3) ਡੀ.ਪੀ.ਆਈ. (ਐ.ਸਿ.), ਪੰਜਾਬ

ਸਹੀ/-

ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ